# ਕਲਾਤਮਕ ਰੁਚੀਆਂ : ਪ੍ਰਕਿਰਤੀ ਅਤੇ ਪਹਿਚਾਣ

ਤੇਰਾ ਉੱਚ ਮੁਕਾਮ ਹੈ, ਕਿਉਂ ਹੋਵੇਂ ਦਿਲਗੀਰ।
ਫੁੱਲ ਕਮਲ ਦਾ ਟਹਿਕਦਾ, ਚਿੱਕੜ ਸੀਨਾ ਚੀਰ।

ਹਰ ਮਨੁੱਖ ਅੰਦਰ ਊਰਜਾ ਦਾ ਵੱਡਾ ਭੰਡਾਰ ਹੁੰਦਾ ਹੈ। ਊਰਜਾ ਦਾ ਇਹ ਭੰਡਾਰ ਉਸ ਲਈ ਵਰਦਾਨ ਵੀ ਬਣ ਸਕਦਾ ਹੈ ਤੇ ਸਰਾਪ ਵੀ। ਇਹ ਪ੍ਰਕਿਰਿਆ ਓਸੇ ਤਰ੍ਹਾਂ ਦੀ ਹੈ ਜਿਵੇਂ ਬੰਨ੍ਹ ਬਣਾ ਕੇ ਸੰਯੋਜਤ ਕੀਤੇ ਪਾਣੀ ਤੋਂ ਬਿਜਲੀ-ਸ਼ਕਤੀ ਦਾ ਲਾਭ ਵੀ ਲਿਆ ਜਾ ਸਕਦਾ ਹੈ ਤੇ ਇਸੇ ਪਾਣੀ ਨੂੰ ਜੇਕਰ ਅਵਾਰਾ ਛੱਡ ਦਿੱਤਾ ਜਾਵੇ ਤਾਂ ਆਸ-ਪਾਸ ਦੀ ਖੇਤੀ ਦਾ ਉਜਾੜਾ ਕਰਵਾਇਆ ਜਾ ਸਕਦਾ ਹੈ। ਕਲਾਤਮਕ ਰੁਚੀ ਦਾ ਉਜਾਗਰ ਹੋਣਾ ਇਸ ਬੰਨ੍ਹ ਜਾਂ ਡੈਮ ਦੀ ਉਸਾਰੀ ਵਾਂਗ ਹੀ ਹੈ।

ਕਲਾ ਤੁਹਾਨੂੰ ਨਿੱਜ ਤੋਂ ਮੁਕਤ ਕਰਕੇ ਸਮਾਜਿਕ ਨਿੱਜ ਨਾਲ ਜੋੜਦੀ ਹੈ। ਕਲਾ ਅਸਲੀ ਖੁਸ਼ੀ ਅਤੇ ਸਦੀਵੀ ਉਤਸ਼ਾਹ ਦਾ ਸੋਮਾ ਹੈ।

ਫਰਾਂਸ ਦੇ ਵੱਡੇ ਚਿੰਤਨਸ਼ੀਲ ਲੇਖਕ ਵਿਕਟਰ ਹਿਊਗੋ ਨੇ ਇਸ ਕਾਰਜ ਨੂੰ ਗੁਲਾਮੀ ਤੋਂ ਮੁਕਤੀ ਦਿਵਾਉਣ ਵਾਲਾ ਕਾਰਜ ਐਲਾਨ ਕੇ ਕਲਾ-ਸ਼ਕਤੀ ਨੂੰ ਸੁਤੰਤਰਤਾ ਸ਼ਕਤੀ ਦੀ ਵਾਹਕ ਮੰਨਿਆ ਹੈ।

ਇਸ ਲਈ ਹਰ ਵਿਅਕਤੀ ਨੂੰ ਆਪਣੀ ਕਲਾਤਮਕ ਸੰਭਾਵਨਾ ਵਿਕਸਤ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣਾ ਜ਼ਰੂਰੀ ਹੈ। ਕੁਝ ਨਾ ਕੁਝ ਅਜਿਹਾ ਸਿਰਜਨਾ ਜ਼ਰੂਰੀ ਹੈ, ਜੋ ਪਦਾਰਥਕ ਲਾਭਾਂ ਤੇ ਪੂੰਜੀ-ਲੋੜਾਂ ਤੋਂ ਮੁਕਤ ਹੋਵੇ। ਅਜਿਹਾ ਸਿਰਜਕ ਵਿਅਕਤੀ ਨਿਸ਼ਚੇ ਹੀ ਪ੍ਰਕਿਰਤੀ, ਸਮਾਜ ਤੇ ਸਭਿਆਚਾਰ ਲਈ ਵਰਦਾਨ ਸਾਬਤ ਹੁੰਦਾ ਹੈ।

## ਕਲਾਤਮਕ ਰੁਚੀਆਂ ਦੀ ਪਛਾਣ

ਕਲਾਤਮਕ ਰੁਚੀਆਂ ਦੀ ਪਹਿਚਾਣ ਦਾ ਮਸਲਾ ਮਨੋਵਿਗਿਆਨਕ ਮਸਲਾ ਹੈ। ਦਰਅਸਲ ਪੜ੍ਹਾਈ, ਵਿਸ਼ਾ-ਚੋਣ, ਕਿੱਤਾ-ਚੋਣ, ਡਿਗਰੀ-ਚੋਣ, ਨੌਕਰੀ-ਲਾਲਸਾ ਆਦਿ ਸਭ ਮਹੱਤਵਪੂਰਨ ਚੋਣਾਂ ਵੇਲੇ ਵੱਡੇ ਸਮਾਜਿਕ ਸੰਮੋਹਨ ਅਧੀਨ ਫੈਸਲੇ ਲਏ ਜਾਂਦੇ ਹਨ। ਇਨ੍ਹਾਂ ਚੋਣਾਂ ਵੇਲੇ ਮੂਲ ਬਿਰਤੀ ਰੁਝਾਨ ਤੇ ਬੁੱਧੀ ਯੋਗਤਾ ਨੂੰ ਅਕਸਰ ਹੀ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ

### ਔਖੇ ਸ਼ਬਦਾਂ ਦੇ ਅਰਥ

ਦਿਲਗੀਰ :ਉਦਾਸ, ਨਿਰਾਸ਼
ਬੰਨ. :ਪਾਣੀ ਨੂੰ ਰੋਕਣ ਲਈ ਬਣਾਈ ਉੱਚੀ ਮੋਟੀ ਕੰਧ
ਅਵਾਰਾ :ਖੁੱਲ੍ਹਾ
ਨਿੱਜ :ਆਪਣਾ-ਆਪ, ਸਵੈ, ਨਿੱਜੀ
ਵਾਹਕ :ਸਾਧਨ
ਉਦੈ :ਪ੍ਰਗਟ
ਅਵਚੇਤਨ :ਅਰਧ ਚੇਤਨ
ਸੰਮੋਹਨ :ਮੋਹਿਤ ਜਾਂ ਮੁਗਧ ਕਰਨਾ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਹੋਣੀ | :ਕਿਸਮਤ, ਲੇਖ, ਸੰਜੋਗ |
| ਭਾਗੀ | :ਭਾਈਵਾਲ, ਸਾਖੀ |
| ਖੰਡਿਤ | :ਟੁੱਟਿਆ ਹੋਇਆ, ਬਿਖਰਿਆ ਹੋਇਆ |
| ਸਮੱਗਰਤਾ | :ਸਮੁੱਚਤਾ |
| ਅਣਮੁੱਲੇ | :ਬਹੁਮੁਲੇ, ਕੀਮਤੀ |
| ਅਸਤਿਤਵ | :ਹੋਂਦ, ਅਕਾਰ |
| ਮੁਜਸਮਾ | :ਮੂਰਤੀ, ਬੁੱਤ, ਆਦਰਸ਼ |
| ਘਾੜਤ | :ਬਨਾਵਟ, ਰਚਨਾ, ਰੂਪ, ਆਕਾਰ |
| ਪ੍ਰਵਚਨ | :ਬਚਨ |

ਹੈ। ਸਮਾਜਿਕ ਸੰਮੋਹਨ ਦੀ ਅੱਗੋਂ ਮੰਡੀ ਦੀ ਹਨੇਰੀ, ਪਦਾਰਥਕ ਅਹਿਮੀਅਤ, ਪੂੰਜੀ ਪ੍ਰਾਪਤੀ ਤੇ ਸਟੇਟਸ ਸਿੰਬਲ ਦੀ ਧਾਰਨਾ ਵਿਚੋਂ ਉਦੈ ਹੁੰਦਾ ਹੈ। ਇਸੇ ਲਈ ਵਿਅਕਤੀ ਦੀ ਬਾਹਰੀ ਸੰਰਚਨਾ ਅਤੇ ਅਵਚੇਤਨੀ ਸੰਰਚਨਾ ਵਿਚਕਾਰ ਖਤਰਨਾਕ ਪਾੜਾ ਪੈ ਜਾਂਦਾ ਹੈ। ਇਹ ਪਾੜਾ ਕਿਤੇ ਵੱਖ-ਵੱਖ ਸਮਾਜਿਕ ਭ੍ਰਿਸ਼ਟਾਚਾਰਾਂ ਦੁਆਰਾ ਭਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਤੇ ਕਿਤੇ ਆਡੰਬਰੀ ਗਤੀਵਿਧੀਆਂ ਦੁਆਰਾ ਇਹ ਪਾੜਾ ਅਜਿਹੇ ਖੰਡਿਤ ਵਿਅਕਤਿਤਵ ਨੂੰ ਜਨਮ ਦਿੰਦਾ ਹੈ ਜੋ ਨਾ ਤਾਂ ਸਵੈ ਲਈ ਸ਼ੁਭ ਸਾਬਤ ਹੁੰਦਾ ਹੈ ਤੇ ਨਾ ਹੀ ਸਮਾਜ ਲਈ।

ਜਦੋਂ ਵਿਅਕਤੀ ਅਜਿਹੀ ਹੋਣੀ ਦਾ ਭਾਗੀ ਬਣ ਜਾਵੇ ਤਾਂ ਉਦੋਂ ਵੀ ਕਲਾ ਉਸ ਨੂੰ ਜੀਵਨ ਦਾ ਅਖੰਡ ਮਾਰਗ ਪ੍ਰਦਾਨ ਕਰ ਸਕਦੀ ਹੈ। ਕਲਾਤਮਕ ਕਾਰਜ ਨਾਲ ਜੁੜ ਕੇ ਉਹ ਆਪਣੇ ਸਾਰੇ ਬਿਖਰਾਉ ਨੂੰ ਸਮੱਗਰਤਾ ਪ੍ਰਦਾਨ ਕਰ ਸਕਦਾ ਹੈ। ਮੰਡੀ ਵਿਚ ਖਿੰਡਰੇ ਆਪਣੇ ਟੋਟਿਆਂ-ਟੁਕੜਿਆਂ ਨੂੰ ਇਕੱਤਰ ਕਰਕੇ ਆਪਣੇ ਅਣਮੁੱਲੇ ਸਿਰਜਨਾਤਮਕ ਅਸਤਿਤਵ ਨਾਲ ਕਲਿੰਗੜੀ ਪਾ ਸਕਦਾ ਹੈ। ਇਹ ਵੀ ਇਕ ਮਨੋਵਿਗਿਆਨਕ ਤੇ ਅਧਿਆਤਮਕ ਤੱਥ ਹੈ ਕਿ ਵਿਅਕਤੀ ਜਿਸ ਨੂੰ ਪ੍ਰੇਮ ਕਰਦਾ ਹੈ, ਉਹੋ ਜਿਹਾ ਬਣਨਾ ਸ਼ੁਰੂ ਹੋ ਜਾਂਦਾ ਹੈ। ਕਲਾ ਖੁਦ ਸਤਿਅਮ, ਸ਼ਿਵਮ, ਸੁੰਦਰਮ ਦਾ ਮੁਜਸਮਾ ਹੈ। ਇਸੇ ਲਈ ਇਸ ਨਾਲ ਸਬੰਧਤ ਵਿਅਕਤੀ ਦੇ ਅਸਤਿਤਵ ਵਿਚ ਇਨ੍ਹਾਂ ਉਚੇਰੇ ਮੁੱਲਾਂ ਦੀ ਆਮਦ ਸੁੱਤੇ-ਸਿਧ ਹੋ ਜਾਂਦੀ ਹੈ। ਕਲਾ-ਪ੍ਰੀਤ ਤੇ ਕਲਾ-ਕਾਰਜ, ਸਮੁੱਚੇ ਵਾਤਾਵਰਨ ਨੂੰ ਇਨ੍ਹਾਂ ਉਚੇਰੇ ਮੁੱਲਾਂ ਨਾਲ ਮਹਿਕਾ ਦਿੰਦੇ ਹਨ।

ਮਾਪਿਆਂ, ਅਧਿਆਪਕਾਂ ਤੇ ਸਮਾਜਿਕ ਸੰਮੋਹਨ ਤਹਿਤ ਕੋਈ ਨੌਜਵਾਨ ਚਾਹੇ ਕਿਸੇ ਵੀ ਸਾਂਚੇ ਅਧੀਨ ਕੰਮ ਕਰ ਰਿਹਾ ਹੋਵੇ, ਉਸ ਲਈ ਆਪਣੀ ਕਲਾ ਯੋਗਤਾ ਦੀ ਪਹਿਚਾਣ ਬੇਹੱਦ ਜ਼ਰੂਰੀ ਹੈ। ਇਸ ਪਹਿਚਾਨ ਲਈ ਮਨੋਵਿਗਿਆਨਕ ਸੂਤਰ ਸਾਡੇ ਸਹਾਈ ਹੋ ਸਕਦੇ ਹਨ।

ਹਾਵਰਡ ਗ੍ਰੈਜੂਏਟ ਸਕੂਲ ਆਫ ਐਜੂਕੇਸ਼ਨ ਦੇ ਪ੍ਰੋਫੈਸਰ, ਮਨੋਵਿਗਿਆਨਕ ਗਾਡਨਰ ਨੇ ਆਪਣੇ ਬਹੁ-ਬੁੱਧੀ (Multiple Intellegence) ਸਿਧਾਂਤ ਜਿਸ ਨੂੰ ਕਿ ਬੁੱਧੀ ਸੰਬੰਧੀ ਸਭਿਆਚਾਰਕ ਅਧਾਰ ਵਾਲਾ ਸਿਧਾਂਤ ਵੀ ਕਿਹਾ ਜਾ ਸਕਦਾ ਹੈ, ਰਾਹੀਂ ਵੱਖ-ਵੱਖ ਬੁੱਧੀ ਯੋਗਤਾਵਾਂ ਦੀ ਪਹਿਚਾਣ ਕਰਾਉਣ ਦੀ ਕੋਸ਼ਿਸ਼ ਕੀਤੀ। ਇਹ ਪਹਿਚਾਣ ਸਾਡੇ ਲਈ ਆਪਣੀ ਕਲਾ-ਬਿਰਤੀ ਪਛਾਣਨ ਲਈ ਬੇਹੱਦ ਲਾਹੇਵੰਦੀ ਸਾਬਤ ਹੋ ਸਕਦੀ ਹੈ। ਇਸ ਲਈ ਸੰਕੇਤਕ ਤੌਰ 'ਤੇ ਇਸ ਸਿਧਾਂਤ ਵਿਚੋਂ ਗੁਜ਼ਰਦੇ ਹੋਏ ਆਪਣੀਆਂ ਕਲਾਤਮਕ ਬਿਰਤੀਆਂ ਦੀ ਪਹਿਚਾਣ ਬਾਰੇ ਵਿਚਾਰ ਕਰਦੇ ਹਾਂ। ਗਾਡਨਰ ਨੇ ਲੰਮੇਰੇ ਅਧਿਐਨ ਉਪਰੰਤ ਮੂਲ ਤੌਰ 'ਤੇ ਅੱਠ ਤਰ੍ਹਾਂ ਦੀ ਬੁੱਧੀ ਦਾ ਖੁਲਾਸਾ ਕੀਤਾ ਹੈ।

**1. ਭਾਸ਼ਾਗਤ ਬੁੱਧੀ :** ਇਸ ਬੁੱਧੀ ਦੀ ਯੋਗਤਾ ਦਾ ਸੰਬੰਧ ਭਾਸ਼ਾਈ ਪਕੜ ਨਾਲ ਹੈ। ਜੇਕਰ ਅਸੀਂ ਲੈਕਚਰ ਕਰਨ ਦੀ ਮੁਹਾਰਤ ਰੱਖਦੇ ਹਾਂ, ਸਾਨੂੰ ਪ੍ਰਵਚਨ ਸੁਣਨੇ ਚੰਗੇ ਲੱਗਦੇ ਹਨ, ਕੋਈ ਲਿਖਤ ਪੜ੍ਹ ਕੇ ਸੁਣਾਉਣੀ ਅੱਛੀ ਲੱਗਦੀ ਹੋਵੇ, ਸ਼ਬਦਾਂ ਦੀਆਂ ਬਣਤਰਾਂ, ਘਾੜਤਾਂ

ਵਿਚ ਰੁਚੀ ਹੋਵੇ, ਆਪਣਾ ਪੱਖ ਕਿਸੇ ਦੇ ਸਾਹਮਣੇ ਅੱਛੀ ਤਰ੍ਹਾਂ ਰੱਖਣਾ ਆਉਂਦਾ ਹੋਵੇ ਤਾਂ ਸਹਿਜੇ ਹੀ ਆਪਣੇ ਬਾਰੇ ਇਸ ਨਤੀਜੇ 'ਤੇ ਪਹੁੰਚ ਸਕਦੇ ਹਾਂ ਕਿ ਅਸੀਂ ਭਾਸ਼ਾਈ ਬੁੱਧੀ ਦੇ ਮਾਲਕ ਹਾਂ। ਇਸ ਯੋਗਤਾ ਕਾਰਨ ਅਸੀਂ ਕਲਾਤਮਕ ਜਗਤ ਵਿਚ ਕਹਾਣੀਕਾਰ, ਵਾਰਤਕਕਾਰ, ਨਾਵਲਕਾਰ, ਸ਼ਾਇਰ, ਅਨੁਵਾਦਕ ਵਜੋਂ ਪਰਵੇਸ਼ ਕਰ ਸਕਦੇ ਹਾਂ। ਇਨ੍ਹਾਂ ਖੇਤਰਾਂ ਵਿਚ ਆਪਣੀ ਪ੍ਰਤਿਭਾ ਨੂੰ ਨਿਖਾਰ ਤੇ ਸੰਵਾਰ ਸਕਦੇ ਹਾਂ।

**2. ਤਾਰਕਿਕ-ਗਣਿਤਕ ਬੁੱਧੀ :** ਇਸ ਬੁੱਧੀ ਦਾ ਸੰਬੰਧ ਸਾਡੀ ਤਾਰਕਿਕ ਤੇ ਗਣਿਤਕ ਯੋਗਤਾ ਨਾਲ ਹੈ। ਜੇਕਰ ਅਸੀਂ ਕਿਸੇ ਘਟਨਾ ਦੇ ਪਿਛੋਕੜ ਵਿਚ ਪਏ ਤਰਕ ਜਾਂ ਤੱਥ ਲੱਭਣ ਵਿਚ ਰੁਚੀ ਰਖਦੇ ਹਾਂ, ਜਾਂ ਫਿਰ ਇਕ ਘਟਨਾ ਦਾ ਦੂਜੀ ਘਟਨਾ ਨਾਲ ਸੰਬੰਧ ਜੋੜਨ ਦੀ ਰੁਚੀ ਤੇ ਸਮਰੱਥਾ ਰੱਖਦੇ ਹਾਂ, ਸਵਾਲ ਉਠਾਉਣ, ਪ੍ਰਯੋਗ ਕਰਨ, ਵੱਖ ਵੱਖ ਪ੍ਰਕ੍ਰਿਆਵਾਂ ਦੀ ਤਹਿ ਤੀਕ ਜਾਣ, ਗਣਿਤਕ ਸਮੱਸਿਆਵਾਂ ਦਾ ਹੱਲ ਕਰਨ, ਤਰਕ-ਵਿਤਰਕ ਕਰਨ ਦੀ ਰੁਚੀ ਤੇ ਸਮਰੱਥਾ ਰੱਖਦੇ ਹਾਂ ਤਾਂ ਇਸ ਬੁੱਧੀ ਯੋਗਤਾ ਦੀ ਮਾਲਕੀ ਰੱਖਦੇ ਹਾਂ। ਇਸ ਮਾਲਕੀ ਸਦਕਾ ਅਸੀਂ ਖੁਦ ਨੂੰ ਕਲਾ-ਖੇਤਰ ਵਿਚ ਵਾਦ-ਵਿਵਾਦ ਪ੍ਰਤੀਯੋਗੀ ਬਣਾ ਸਕਦੇ ਹਾਂ, ਐਡਵੈਂਚਰ ਨਾਲ ਸਬੰਧਤ ਕਲਾ-ਪ੍ਰੋਜੈਕਟ ਲੈ ਸਕਦੇ ਹਾਂ, ਗਣਿਤਕ ਖੇਡਾਂ, ਕੰਪਿਊਟਰ ਕਲਾ ਤੇ ਖੇਡਾਂ ਨਾਲ ਸਬੰਧਤ ਹੋ ਸਕਦੇ ਹਾਂ। ਕਲਾਤਮਕ ਖੇਤਰ ਵਿਚ ਅੰਕਾਂ ਤੇ ਅਕਾਰਾਂ ਨਾਲ ਸਬੰਧਤ ਨਵੀਆਂ ਖੇਡਾਂ ਦੀ ਈਜ਼ਾਦ ਵੀ ਕਰ ਸਕਦੇ ਹਾਂ।

**3. ਦ੍ਰਿਸ਼ਟੀਗਤ-ਸਪੇਸਗਤ ਬੁੱਧੀ :** ਇਸ ਬੁੱਧੀ ਦਾ ਸੰਬੰਧ ਸਪੇਸ ਵਿਚ ਨਿਰਮਿਤ ਵਸਤੂਆਂ, ਤਸਵੀਰਾਂ, ਅਕਾਰਾਂ ਨੂੰ ਰੁਚੀ ਪੂਰਵਕ ਦੇਖਣ ਸਮਝਣ ਤੇ ਵਿਚਾਰਨ ਨਾਲ ਹੈ। ਜੇਕਰ ਸਾਡੀ ਰੁਚੀ ਨਕਸ਼ੇ, ਗਰਾਫ਼ ਬਣਾਉਣ ਵਿਚ ਹੈ, ਗਲੋਬ, ਤਸਵੀਰਾਂ, ਦ੍ਰਿਸ਼ ਕਲਾਵਾਂ ਪ੍ਰਤੀ ਆਕਰਸ਼ਕ ਹੁੰਦੇ ਹਾਂ, ਕਿਸੇ ਨੂੰ ਦੇਖ ਕੇ ਉਸ ਦੀ ਆਕ੍ਰਿਤੀ ਨੂੰ ਦਿਮਾਗ ਵਿਚ ਤਸਵੀਰ ਬਣਾ ਕੇ ਸਾਰ ਸਕਦੇ ਹਾਂ ਜਾਂ ਉਸ ਦੀ ਤਸਵੀਰ ਨੂੰ ਲਕੀਰਾਂ ਰਾਹੀਂ ਉੱਕਰ ਸਕਦੇ ਹਾਂ, ਕਿਸੇ ਰਸਤੇ, ਥਾਂ ਜਾਂ ਸ਼ਹਿਰ ਬਾਰੇ ਸਮਝਾਉਣ ਵੇਲੇ ਤਸਵੀਰ ਜਾਂ ਨਕਸ਼ਾ ਬਣਾ ਕੇ ਸਮਝਾਉਣ ਦੀ ਯੋਗਤਾ ਰੱਖਦੇ ਹਾਂ; ਜੇਕਰ ਸ਼ਤਰੰਜ, ਲੁੱਡੋ ਆਦਿ ਖੇਡਾਂ ਖੇਡਣ ਵਿਚ ਰੁਚੀ ਤੇ ਮੁਹਾਰਤ ਰੱਖਦੇ ਹਾਂ; ਟੀ.ਵੀ. ਉਪਰ ਕਾਰਟੂਨ ਵਧੇਰੇ ਦੇਖਦੇ ਹਾਂ, ਰਸਤੇ ਵਿਚੋਂ ਗੁਜ਼ਰਦਿਆਂ ਇਮਾਰਤਸਾਜ਼ੀ ਦੀ ਰੂਪਰੇਖਾ ਉਪਰ ਵਧੀਕ ਧਿਆਨ ਦਿੰਦੇ ਹਾਂ ਤਾਂ ਨਿਸਚਿਤ ਹੀ ਅਸੀਂ ਇਸ ਬੁੱਧੀ-ਯੋਗਤਾ ਦੇ ਮਾਲਕ ਹਾਂ। ਕਲਾ ਦੇ ਖੇਤਰ ਵਿਚ ਸਾਨੂੰ ਚਿਤਰਕਾਰੀ, ਮੂਰਤੀਕਾਰੀ, ਕਾਰਟੂਨਕਾਰੀ, ਗ੍ਰਹਿ ਸਜਾਵਟ, ਫਿਲਮ ਕਲਾਕਾਰੀ, ਮੰਚ ਨਿਰਦੇਸ਼ਨ ਆਦਿ ਵੱਲ ਆਪਣੀ ਊਰਜਾ ਸ਼ਕਤੀ ਨੂੰ ਲਗਾਉਣਾ ਚਾਹੀਦਾ ਹੈ।

**4. ਸੰਗੀਤਕ ਰੁਚੀ :** ਇਸ ਬੁੱਧੀ ਦਾ ਸੰਬੰਧ ਵਿਅਕਤੀ ਦੀ ਸੰਗੀਤਕ ਰੁਚੀ ਤੇ ਕਾਬਲੀਅਤ ਨਾਲ ਹੈ। ਜੇਕਰ ਸਾਨੂੰ ਸੰਗੀਤਕ ਧੁਨਾਂ ਆਕਰਸ਼ਤ ਕਰਦੀਆਂ ਹਨ; ਅਸੀਂ ਸੰਗੀਤ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਸਮਰੱਥਾ ਰਖਦੇ ਹਾਂ; ਕਿਸੇ ਮੇਜ਼ ਜਾਂ ਡੱਬੇ ਨੂੰ ਲੈ ਕੇ ਰੋਜ਼ਾਨਾ ਦੇ ਕਾਰ-ਵਿਹਾਰ ਦੌਰਾਨ ਕੋਈ ਨਾ ਕੋਈ ਤਾਲ ਛੇੜਦੇ ਰਹਿੰਦੇ ਹਾਂ,

**ਔਖੇ ਸ਼ਬਦਾਂ ਦੇ ਅਰਥ**

ਪ੍ਰਤਿਭਾ :ਕਲਾ, ਯੋਗਤਾ, ਅਨੁਭਵ

ਤਾਰਕਿਕ :ਤਰਕ ਅਧਾਰਤ, ਸੋਚ ਪੂਰਣ

ਪਿਛੋਕੜ :ਪਿੱਠਭੂਮੀ, ਪਿਛਲਾ

ਨਿਰਮਿਤ :ਬਣਿਆ ਹੋਇਆ

ਆਕ੍ਰਿਤੀ :ਬਨਾਵਟ, ਢਾਂਚਾ, ਮੂਰਤੀ

ਮੁਹਾਰਤ :ਕੁਸ਼ਲਤਾ, ਹੁਨਰ, ਅਨੁਭਵ

**ਔਖੇ ਸ਼ਬਦਾਂ ਦੇ ਅਰਥ**

ਈਜ਼ਾਦ : ਕਾਢ ਕੱਢਣੀ, ਸਿਰਜਣਾ
ਮੁਖਤਲਿਫ : ਵਿਭਿੰਨ
ਤਾਲਮੇਲ : ਇਕਸਾਰਤਾ
ਲੈਅਬੱਧ : ਰਿਦਮ, ਲੈਆਤਮਕ
ਮੌਲਿਕ : ਅਸਲੀ
ਪਰਿਸਥਿਤੀਆਂ : ਵਿਰੋਧੀ ਹਾਲਾਤ



ਜੇਕਰ ਕੁਦਰਤੀ ਨਜ਼ਾਰਿਆਂ ਵਿਚੋਂ ਆ ਰਹੀਆਂ ਸੂਖਮ ਆਵਾਜ਼ਾਂ ਨੂੰ ਪਕੜਨ ਦੀ ਮੁਹਾਰਤ ਰੱਖਦੇ ਹਾਂ; ਪੰਛੀਆਂ, ਪੱਤਿਆਂ, ਝਰਨਿਆਂ ਦੀਆਂ ਆਵਾਜ਼ਾਂ ਵੱਲ ਵਿਸ਼ੇਸ਼ ਤਵੱਜੋ ਦਿੰਦੇ ਹਾਂ, ਤਾਂ ਸਾਨੂੰ ਆਪਣੀ ਸੰਗੀਤਕ ਬੁੱਧੀ ਦੀ ਕਾਬਲੀਅਤ ਪਹਿਚਾਣ ਲੈਣੀ ਚਾਹੀਦੀ ਹੈ।

ਸੰਗੀਤ-ਕਲਾ ਦੀ ਮੁਹਾਰਤ ਨੂੰ ਨਿਖਾਰਨ ਸੰਵਾਰਨ ਨਾਲ ਕਿਸੇ ਸਾਜ਼ ਵਜਾਉਣ ਦੀ ਸਿੱਖਿਆ ਲੈਣ, ਕਿਸੇ ਸਾਹਿਤਕ ਰਚਨਾ ਨੂੰ ਸੰਗੀਤਬੱਧ ਕਰਨ, ਕਿਸੇ ਸਾਜ਼ ਦੀ ਈਜ਼ਾਦ ਕਰਨ, ਸੰਗੀਤਕ ਧੁਨਾਂ ਨੂੰ ਮੌਲਿਕ ਰੰਗ ਵਿਚ ਪੇਸ਼ ਕਰਨ ਦੀ ਮੁਹਾਰਤ ਨਾਲ ਜੁੜਦਿਆਂ ਗੀਤਕਾਰ ਤੇ ਸੰਗੀਤਕਾਰੀ ਦੀਆਂ ਕਲਾਵਾਂ ਨੂੰ ਨਿਖਾਰਨ ਸੰਵਾਰਨ ਵਿਚ ਆਪਣੀ ਊਰਜਾ ਸ਼ਕਤੀ ਨੂੰ ਨਿਯੋਜਤ ਕਰਨਾ ਚਾਹੀਦਾ ਹੈ।

**5. ਸਰੀਰਗਤ ਬੁੱਧੀ :** ਇਸ ਬੁੱਧੀ ਦਾ ਸੰਬੰਧ ਵਿਅਕਤੀ ਦੀ ਸਰੀਰਕ ਕਿਰਿਆ-ਕੁਸ਼ਲਤਾ ਤੇ ਸਰੀਰਕ ਕਿਰਿਆ-ਹੁਨਰ ਨਾਲ ਹੈ।

ਜੇਕਰ ਸਾਡੀ ਰੁਚੀ ਨੱਚਣ, ਖੇਡਣ, ਤੈਰਨ ਆਦਿ ਸਰੀਰਕ ਗਤੀਵਿਧੀਆਂ ਨਾਲ ਵਧੀਕ ਸਬੰਧਤ ਹੈ, ਮੁਖ਼ਤਲਿਫ਼ ਸਰੀਰਕ ਕਿਰਿਆਵਾਂ ਕਰਦਿਆਂ ਜੇਕਰ ਸਾਡੇ ਹੱਥਾਂ-ਪੈਰਾਂ ਦੀਆਂ ਕਿਰਿਆਵਾਂ ਦਾ ਅੱਖਾਂ ਨਾਲ ਵਿਸ਼ੇਸ਼ ਤਾਲਮੇਲ ਰਹਿੰਦਾ ਹੈ। ਗਰਦਨ, ਸਿਰ ਅਤੇ ਹੱਥਾਂ-ਪੈਰਾਂ ਵਿਚਕਾਰ ਲੈਅਬੱਧਤਾ ਨਜ਼ਰ ਆਉਂਦੀ ਹੈ। ਵਿਸ਼ੇਸ਼ ਤੌਰ 'ਤੇ ਹੱਥਾਂ ਤੇ ਅੱਖਾਂ ਵਿਚਕਾਰ ਲੈਅਬੱਧ ਸੰਤੁਲਨ ਕਾਇਮ ਰਹਿੰਦਾ ਹੈ ਤਾਂ ਸਾਡੇ ਵਿਚ ਇਸ ਬੁੱਧੀ ਦੀ ਪ੍ਰਧਾਨਤਾ ਹੈ।

ਇਸ ਬੁੱਧੀ ਲਈ ਨਿਰਤ ਕਲਾਵਾਂ ਦੀ ਚੋਣ ਬੇਹੱਦ ਢੁੱਕਵੀਂ ਹੈ। ਲੋਕ-ਨਾਚਾਂ ਨੂੰ ਵਿਧੀਵਤ ਰੂਪ ਵਿਚ ਸਿੱਖ ਕੇ, ਪੇਸ਼ਕਾਰੀ ਸਮੇਂ ਇਨ੍ਹਾਂ ਨਾਚਾਂ ਵਿਚ ਨਵੇਂ ਨਵੇਂ ਮੌਲਿਕ ਰੰਗ ਭਰਕੇ ਇਸ ਬੁੱਧੀ ਦਾ ਵਿਸ਼ੇਸ਼ ਉਪਯੋਗ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਨਾਟਕੀ ਕਲਾਵਾਂ ਤੋਂ ਨਕਲ ਕਲਾਵਾਂ ਨੂੰ ਵੀ ਅਪਣਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸਰੀਰਕ ਖੇਡਾਂ ਵਿਚ ਵੀ ਊਰਜਾ ਲਗਾਈ ਜਾ ਸਕਦੀ ਹੈ।

**6. ਤਾਲਮੇਲ ਬੁੱਧੀ :** ਇਸ ਬੁੱਧੀ ਦਾ ਸੰਬੰਧ ਆਪਸੀ ਸਬੰਧਾਂ ਵਿਚ ਗਹਿਰਾਈ, ਸਮਝ ਅਤੇ ਵਿਸ਼ਾਲਤਾ ਲਿਆਉਣ ਦੀ ਯੋਗਤਾ ਨਾਲ ਹੈ।

ਕਿਸੇ ਦੂਸਰੇ ਵਿਅਕਤੀ ਨਾਲ ਤੁਸੀਂ ਕਿੰਨੇ ਕੁ ਮਧੁਰ ਸੰਬੰਧ ਬਣਾਉਂਦੇ ਹੋ, ਕਿਸੇ ਦੁਆਰਾ ਤੁਹਾਡੀ ਰਾਇ ਦੇ ਖ਼ਿਲਾਫ਼ ਬੋਲੇ ਜਾਣ 'ਤੇ ਕਿੰਨਾ ਕੁ ਸ਼ਾਂਤੀ ਤੇ ਸਬਰ ਤੋਂ ਕੰਮ ਲੈਂਦੇ ਹੋ, ਦੂਜਿਆਂ ਪ੍ਰਤੀ ਬਣਾਈ ਤੁਹਾਡੀ ਰਾਇ ਕਿੰਨੀ ਕੁ ਸਹੀ ਸਾਬਤ ਹੁੰਦੀ ਹੈ, ਕੀ ਤੁਸੀਂ ਦੂਜੇ ਦੀ ਸਮੱਸਿਆ ਨੂੰ ਦੂਜੇ ਦੀਆਂ ਪਰਿਸਥਿਤੀਆਂ ਵਿਚ ਰੱਖ ਕੇ ਵੇਖਣ ਦੇ ਸਮਰੱਥ ਹੋ ? ਕੀ ਦੂਜੇ ਦੇ ਵਿਚਾਰਾਂ ਨੂੰ ਆਪਣੇ ਵਿਚਾਰਾਂ ਦੇ ਸਮਾਨਾਂਤਰ ਹੀ ਮਹੱਤਵਪੂਰਨ ਜਗ੍ਹਾ ਦੇਣ ਦੀ ਖੁਲ੍ਹਦਿਲੀ ਰੱਖਦੇ ਹੋ ? ਕੀ ਹੋਰਨਾਂ ਧਰਮਾਂ, ਜਾਤਾਂ, ਵਿਸ਼ਵਾਸਾਂ ਤੇ ਸਮਾਜਾਂ ਪ੍ਰਤੀ ਸਨਮਾਨਜਨਕ ਲਚਕੀਲਾਪਨ ਰੱਖਦੇ ਹੋ ? ਕੀ ਕਿਸੇ ਕੰਮ ਵਿਚ ਦੂਜਿਆਂ ਦੇ ਸਹਿਯੋਗ ਨੂੰ ਉਤਸਾਹਿਤ ਕਰਦੇ ਹੋ ? ਜੇਕਰ ਇਹਨਾਂ ਸੁਆਲਾਂ ਦੇ ਜਵਾਬ ਤੁਹਾਡੇ ਅੰਦਰੋਂ ਹਾਂ ਵਿਚ ਨਿਕਲਦੇ ਹਨ ਤਾਂ ਸਮਝੋ ਤੁਸੀਂ ਅੰਤਰ-ਵਿਅਕਤੀਗਤ ਭਾਵ ਆਪਸੀ

ਤਾਲਮੇਲ ਬੁੱਧੀ ਰੱਖਦੇ ਹੋ ਤੁਹਾਡੀ ਪ੍ਰਤਿਭਾ ਸਮਾਜੀਕਰਨ ਦੀ ਪ੍ਰਕਿਰਿਆ ਵਿਚ ਪਰਿਪੱਕ ਹੈ।

ਇਸ ਬੁੱਧੀ ਤੇ ਯੋਗਤਾ ਨੂੰ ਕਲਾ ਦੇ ਖੇਤਰ ਵਿਚ ਪਰਵੇਸ਼ ਕਰਾਉਂਦਿਆਂ ਸਭ ਤੋਂ ਢੁੱਕਵਾਂ ਕਲਾ ਕਾਰਜ ਗਲਪ ਤੇ ਵਾਰਤਕ ਲੇਖਣ ਕਲਾ ਦਾ ਹੈ। ਲੇਖਣ ਕਲਾ ਵਿਚ ਤੁਲਨਾਤਮਕ ਦ੍ਰਿਸ਼ਟੀ ਤੋਂ ਨਿਰਪੱਖ ਹੋ ਕੇ ਕੀਤੀ ਗਈ ਵਿਸ਼ਲੇਸ਼ਣੀ ਪ੍ਰਕਿਰਿਆ ਸਮਾਜ ਸਭਿਆਚਾਰ ਲਈ ਅਹਿਮ ਵਰਦਾਨ ਸਿੱਧ ਹੋਵੇਗੀ। ਲੇਖਨ ਕਲਾ ਦੇ ਖੇਤਰ ਵਿਚ ਹੀ ਨਾਟ-ਸਾਹਿਤ ਤੇ ਰੰਗਮੰਚੀ ਕਲਾ ਨੂੰ ਵੀ ਅਪਣਾਇਆ ਜਾ ਸਕਦਾ ਹੈ। ਸਮਾਜਿਕ ਬੁੱਧੀ ਹੋਣ ਸਦਕਾ ਲਿਖਤ ਕਲਾਵਾਂ ਵਿਚ ਸਮਾਜਿਕ ਮੁੱਦਿਆਂ ਅਤੇ ਵਿਕਅਤੀਗਤ ਵਿਚਾਰਾਂ-ਸੁਝਾਵਾਂ ਉਪਰ ਵਾਰਤਕ ਤੇ ਵਿਅੰਗ ਲਿਖੇ ਜਾ ਸਕਦੇ ਹਨ। ਇਸ ਬੁੱਧੀ-ਯੋਗਤਾ ਸਦਕਾ ਉਚ ਪਾਇ ਦੀ ਭਾਸ਼ਨ ਕਲਾ ਨੂੰ ਵੀ ਵਿਕਸਤ ਕੀਤਾ ਜਾ ਸਕਦਾ ਹੈ।

**7. ਸਵੈਮੁਖੀ ਬੁੱਧੀ :** ਇਸ ਬੁੱਧੀ ਯੋਗਤਾ ਦਾ ਸੰਬੰਧ ਸਵੈ-ਕੇਂਦਰੀ ਰੁਚੀਆਂ ਤੇ ਸਮਰੱਥਾਵਾਂ ਨਾਲ ਹੈ। ਜੇਕਰ ਅਸੀਂ ਅਕਸਰ ਹੀ ਆਪਣੇ ਮਨੋਭਾਵਾਂ, ਖ਼ਿਆਲਾਂ, ਸੁਪਨਿਆਂ ਪ੍ਰਤੀ ਚਿੰਤਨਸ਼ੀਲ ਬਣੇ ਰਹਿੰਦੇ ਹਾਂ। ਬਾਹਰੀ ਵਰਤਾਰੇ ਦੀ ਬਜਾਇ ਮਨ ਅੰਦਰ ਵਾਪਰਦੀ ਉਥਲ-ਪੁਥਲ ਪ੍ਰਤੀ ਸੁਚੇਤ ਹੁੰਦੇ ਹਾਂ, ਆਪਣੀ ਆਤਮਿਕ ਹੋਂਦ ਪ੍ਰਤੀ ਵਿਸ਼ਲੇਸ਼ਣ ਕਰਦੇ ਰਹਿੰਦੇ ਹਾਂ ਤਾਂ ਨਿਸ਼ਚਿਤ ਹੀ ਅਸੀਂ ਸਵੈਮੁਖੀ ਬੁੱਧੀ-ਯੋਗਤਾ ਦੇ ਮਾਲਕ ਹਾਂ।

ਇਸ ਬੁੱਧੀ-ਯੋਗਤਾ ਦੀ ਪਛਾਣ ਕਰਕੇ ਸਾਨੂੰ ਆਪਣੀ ਊਰਜਾ ਦਾ ਰੁਖ਼ ਕੇਵਲ ਕਲਾਵਾਂ ਤਰਫ਼ ਮੋੜ ਲੈਣਾ ਚਾਹੀਦਾ ਹੈ। ਸਾਹਿਤਕਾਰੀ, ਸੰਗੀਤਕ ਮੁਹਾਰਤ, ਚਿੱਤਰਕਾਰੀ, ਮੂਰਤੀਕਾਰੀ ਆਦਿ ਕਲਾਵਾਂ ਵਿਚ ਮਨੋ-ਸੰਸਾਰ ਤੇ ਆਤਮਿਕ ਸੰਸਾਰ ਦੀਆਂ ਪਰਤਾਂ ਤੇ ਉਡਾਰੀਆਂ ਨੂੰ ਬਾਖੂਬੀ ਅਭਿਵਿਅਕਤ ਕੀਤਾ ਜਾ ਸਕਦਾ ਹੈ। ਮਨੁੱਖੀ ਅਸਤਿਤਵ ਨਾਲ ਜੁੜੇ ਬਹੁਤ ਸਾਰੇ ਦਾਰਸ਼ਨਿਕ ਪ੍ਰਸ਼ਨਾਂ ਨੂੰ ਲੈ ਕੇ ਇਨ੍ਹਾਂ ਕਲਾਵਾਂ ਵਿਚ ਬਹੁਮੁਖੀ ਵਚਿੱਤਰ ਰੰਗ ਪੇਸ਼ ਕੀਤੇ ਜਾ ਸਕਦੇ ਹਨ।

**8. ਪ੍ਰਕਿਰਤੀਗਤ ਬੁੱਧੀ :** ਇਸ ਬੁੱਧੀ-ਯੋਗਤਾ ਦਾ ਸੰਬੰਧ ਵਿਅਕਤੀ ਦੀ ਕੁਦਰਤੀ ਵਰਤਾਰਿਆਂ ਵਿਚਲੀ ਦਿਲਚਸਪੀ ਅਤੇ ਸਮਝ ਸਮਰੱਥਾ ਨਾਲ ਹੈ।

ਜੇਕਰ ਅਸੀਂ ਫੁੱਲਾਂ, ਦਰਖ਼ਤਾਂ, ਸਮੁੰਦਰੀ ਹਲਚਲਾਂ, ਜੰਗਲਾਂ, ਜੀਵਾਂ ਜੰਤੂਆਂ ਆਦਿ ਨਾਲ ਸੰਬੰਧਤ ਕੁਦਰਤੀ ਵਰਤਾਰਿਆਂ ਨੂੰ ਸਮਝਣ ਵਿਚ ਰੁਚੀ ਰੱਖਦੇ ਹਾਂ, ਕੁਦਰਤੀ ਸੋਮਿਆਂ ਪ੍ਰਤੀ ਚਿੰਤਨਸ਼ੀਲ ਦ੍ਰਿਸ਼ਟੀ ਰੱਖਦੇ ਹਾਂ, ਕੁਦਰਤੀ ਚੱਕਰ ਪ੍ਰਤੀ ਅਧਿਐਨ-ਝੁਕਾਅ ਰੱਖਦੇ ਹਾਂ ਤਾਂ ਨਿਸ਼ਚੇ ਹੀ ਅਸੀਂ ਇਸ ਬੁੱਧੀ-ਯੋਗਤਾ ਦੇ ਮਾਲਕ ਹਾਂ।

ਇਸ ਬੁੱਧੀ-ਯੋਗਤਾ ਦੇ ਮਾਲਕ ਹੋਣ ਦੇ ਨਾਤੇ ਸਾਨੂੰ ਬਾਗ-ਬਗੀਚੀ ਤਿਆਰ ਕਰਨ ਅਤੇ ਐਡਵੈਂਚਰ ਨਾਲ ਸਬੰਧਿਤ ਕਲਾ ਕਾਰਜਾਂ ਵੱਲ ਆਪਣੀ ਊਰਜਾ ਮੋੜਨੀ ਚਾਹੀਦੀ ਹੈ।

ਉੱਕਤ ਬੁੱਧੀ ਕਿਸਮਾਂ ਤੋਂ ਇਲਾਵਾ ਗਾਡਨਰ ਨੇ ਆਪਣੀ ਅਗਲੇਰੀ ਅਧਿਅਨ-ਸ਼ੋਧ ਕਰਦਿਆਂ ਧਾਰਮਿਕ/ਅਧਿਆਤਮਕ ਅਤੇ ਨੈਤਿਕ ਬੁੱਧੀ ਦੀਆਂ ਕਿਸਮਾਂ ਦਾ ਵੀ ਖੁਲਾਸਾ ਕੀਤਾ। ਇਨ੍ਹਾਂ ਬੁੱਧੀ-ਯੋਗਤਾਵਾਂ ਦਾ ਸੰਬੰਧ ਮਨੁੱਖ ਦੇ ਧਾਰਮਿਕ ਅਤੇ ਨੈਤਿਕ-ਮੁੱਲਾਂ ਨਾਲ ਹੈ। ਇਹ ਬੁੱਧੀ-ਯੋਗਤਾ ਮਨੁੱਖ ਨੂੰ ਚੇਤਨਾਤਮਕ ਵਿਕਾਸ ਅਤੇ ਸ਼ੁੱਧੀਕਰਨ ਦੇ ਕਾਰਜਾਂ ਵੱਲ ਪ੍ਰੇਰਦੀ ਹੈ।

ਨਿਯੋਜਨ : ਪ੍ਰਬੰਧ, ਸੰਜਮ
ਉੱਚ ਪਾਇ : ਉੱਚ-ਦਰਜੇ
ਮਨੋਭਾਵ : ਮਨ ਦੇ ਭਾਵ
ਤੁਲਨਾਤਮਕ : ਮੁਕਾਬਲੇ ਵਿਚ, ਆਪਸੀ, ਪਰੰਪਰਕ
ਅਭਿਵਿਅਕਤ : ਪ੍ਰਗਟ
ਉੱਕਤ : ਉਪਰੋਕਤ
ਨੈਤਿਕ-ਮੁੱਲਾਂ : ਕਦਰਾਂ-ਕੀਮਤਾਂ

| | |
|---|---|
| ਪਰਉਪਕਾਰੀ | : ਦੂਜੇ ਦਾ ਭਲਾ ਕਰਨ ਵਾਲਾ |
| ਮੌਲਣ | : ਪ੍ਰਫੁਲਿਤ ਹੋਣ |
| ਬਹੁਰੰਗਾਂ | : ਇਕ ਤੋਂ ਵਧ ਰੰਗ |
| ਮਖੌਟਾਨੁਮਾ | : ਬਣਾਉਟੀ ਚਿਹਰਾ |
| ਭਵਿੱਖੀ | : ਭਵਿੱਖ ਦੀਆਂ |
| ਅਲਵਿਦਾ | : ਤਿਆਗ |
| ਵਿਗਾਸੀ | : ਪ੍ਰਫੁੱਲਤ |
| ਥਾਹ | : ਪਤਾ ਲਾਉਣਾ, ਡੂੰਘਾਈ, ਤਹਿ |
| ਉਧੜਦੀ | : ਖੁੱਲ੍ਹਦੀ |
| ਜ਼ੁਰਅਤ | : ਸਾਹਸ, ਹਿੰਮਤ |

ਇਨ੍ਹਾਂ ਮੁੱਲਾਂ ਵੱਲ ਝੁਕਾਅ ਰੱਖਣ ਵਾਲਾ ਮਨੁੱਖ ਸੁਭਾਵਕ ਤੌਰ 'ਤੇ ਹੀ ਪਦਾਰਥਕ ਲੋਭਾਂ ਤੋਂ ਮੁਕਤ ਹੁੰਦਾ ਹੈ। ਪ੍ਰਕਿਰਤੀ ਪੱਖੋਂ ਪਰਉਪਕਾਰੀ ਹੁੰਦਾ ਹੈ। ਇਹ ਬੁੱਧੀ-ਯੋਗਤਾ ਦੀ ਕਲਾ-ਕਾਰਜਾਂ ਨਾਲ ਪ੍ਰਕਿਰਤੀਗਤ ਸਾਂਝ ਵੇਖੀ ਜਾ ਸਕਦੀ ਹੈ। ਕਲਾ ਦੀ ਕਿਸੇ ਵੀ ਵੰਨਗੀ ਨੂੰ ਅਪਨਾਉਂਦਾ ਅਜਿਹਾ ਮਨੁੱਖ ਸਹਿਜੇ ਹੀ ਸਤਿਅਮ, ਸ਼ਿਵਮ ਦੇ ਮੁੱਲਾਂ ਨਾਲ ਜੁੜਿਆ ਰਹੇਗਾ।

ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮਾਨਵੀ ਬੁੱਧੀ-ਯੋਗਤਾ ਅਤੇ ਬੁੱਧੀ-ਯੋਗਤਾ ਨਾਲ ਸਬੰਧਿਤ ਕਲਾ-ਕਾਰਜਾਂ ਦੀ ਸੰਭਾਵਕਤਾ ਇਹ ਗੱਲ ਸਿੱਧ ਕਰਦੀ ਹੈ :

ਭੀਖਾ ਭੂਖਾ ਕੋ ਨਹੀਂ, ਸਭ ਕੀ ਗਠਰੀ ਲਾਲ।
ਗਾਂਠ ਖੋਲ੍ਹ ਨਹੀਂ ਜਾਨਤੇ, ਇਤ ਬਿਧ ਭਏ ਕੰਗਾਲ।

(ਭਗਤ ਭੀਖਾ ਜੀ)

ਅੰਨ੍ਹੀ ਆਪੋਧਾਪੀ ਮਗਰ ਲੱਗ ਕੇ ਬੇਹੋਸ਼ੀ ਭਰੀ ਦੌੜ ਦੌੜਦਿਆਂ ਕਦੇ ਭੀੜ ਦੇ ਕਿਨਾਰੇ 'ਤੇ ਖੜ੍ਹੇ ਬੱਚੇ ਦੀ ਮੂਲ ਬਿਰਤੀ ਤੇ ਸਮਰਥਾ ਵੱਲ ਝਾਕੀਏ ਅਤੇ ਉਸ ਦਾ ਸਹੀ ਮੁਲਾਂਕਣ ਵੀ ਕਰੀਏ। ਪ੍ਰਕਿਰਤੀ ਵਿਚ ਬਹੁਰੰਗਾਂ ਦੇ ਫੁੱਲ-ਬੂਟੇ ਆਪਣੀ ਆਪਣੀ ਸੁੰਦਰਤਾ ਤੇ ਖੁਸ਼ਬੋ ਵੰਡ ਰਹੇ ਹਨ। ਹਰੇਕ ਦਾ ਆਪਣਾ-ਆਪਣਾ ਗੌਰਵ ਹੈ। ਹਰ ਫੁੱਲ-ਬੂਟ ਆਪਣੀ-ਆਪਣੀ ਕਾਬਲੀਅਤ ਤੇ ਸੁਭਾਅ ਮੁਤਾਬਕ ਵਧਦਾ-ਫੁੱਲਦਾ ਹੈ। ਜੇਕਰ ਇਹ ਇਕ ਦੂਜੇ ਦੀ ਨਕਲ ਕਰਕੇ ਜਾਂ ਦੂਜੇ ਤੋਂ ਪ੍ਰਭਾਵਤ ਹੋ ਕੇ ਇਕ ਦੂਜੇ ਵਰਗੇ ਬਣਨ ਦੀ ਦੌੜ ਵਿਚ ਪੈ ਜਾਣ ਤਾਂ ਪ੍ਰਕਿਰਤੀ ਦਾ ਸਾਰਾ ਗੌਰਵ ਨਸ਼ਟ ਹੋ ਜਾਵੇਗਾ।

ਸਪੀਅਰਮੈਨ ਤੇ ਗਾਡਨਰ ਤਕ ਦੇ ਮਨੋਵਿਗਿਆਨਕਾਂ ਦੇ ਖੋਜ-ਕਾਰਜ ਇਸ ਪੱਖ ਤੋਂ ਉਤਸ਼ਾਹੀ ਹਾਮੀ ਭਰਦੇ ਹਨ ਕਿ ਮਨੁੱਖ ਦੀ ਬੁੱਧੀ ਅਤੇ ਜਨਮ-ਜਾਤ ਰੁਚੀਆਂ ਵਿਚ ਬੁਨਿਆਦੀ ਵਿਭਿੰਨਤਾਵਾਂ ਤੇ ਵਿਲੱਖਣਤਾਵਾਂ ਮੌਜੂਦ ਹੁੰਦੀਆਂ ਹਨ। ਇਨ੍ਹਾਂ ਸਮਰੱਥਾਵਾਂ ਤੇ ਯੋਗਤਾਵਾਂ ਨੂੰ ਸਮਾਨਾਂਤਰ ਤੌਰ 'ਤੇ ਸਵੀਕ੍ਰਿਤੀ ਦੇ ਕੇ ਗੌਰਵਤਾ ਪ੍ਰਦਾਨ ਕਰਨੀ ਚਾਹੀਦੀ ਹੈ। ਵਿਕਾਸ ਕੇਵਲ ਤੇ ਕੇਵਲ ਕਲਾ ਜ਼ਰੀਏ ਹੀ ਹੋ ਸਕਦਾ ਹੈ। ਕੋਈ ਵੀ ਕਲਾਤਮਕ ਕਾਰਜ ਦੀ ਚੋਣ ਕਰੀਏ ਤੇ ਫਿਰ ਉਸ ਕਲਾ ਕਾਰਜ ਨਾਲ ਜੁੜਦਿਆਂ ਆਪਣੀਆਂ ਸਾਰੀਆਂ ਮਖੌਟਾਨੁਮਾ ਪਹਿਚਾਣਾਂ ਨੂੰ ਭੁਲਾ ਦੇਈਏ। ਆਪਣੇ ਪਦਾਰਥਕ ਲੋਭਾਂ ਤੇ ਭਵਿੱਖੀ ਚਿੰਤਾਵਾਂ ਨੂੰ ਕੁਝ ਸਮੇਂ ਲਈ ਅਲਵਿਦਾ ਆਖ ਕੇ ਆਪਣੀ ਕਲਾਤਮਕ ਪ੍ਰਤਿਭਾ ਨੂੰ ਮੌਲਣ ਦਾ ਅਵਸਰ ਦੇਈਏ। ਛੋਟੇ ਜਿਹੇ ਸਿਰਜਕ ਹੀ ਸਹੀ ਪਰ ਜੋ ਇਸ ਕਾਰਜ ਵਿਚੋਂ ਆਨੰਦ ਆਵੇਗਾ ਉਸ ਦਾ ਸੁਆਦ ਮਹਾਂਸਿਰਜਕ ਦੇ ਵਿਗਾਸੀ ਖੇੜੇ ਜਿਹਾ ਹੀ ਹੋਵੇਗਾ।

ਜ਼ਿੰਦਗੀ ਤੇਰੇ ਕੋਲ ਕੁਝ ਨਾ ਲੈ ਕੇ ਆਵੇ
ਆਖ ਆਪਣੀ ਜ਼ੁਅਰਤ ਨੂੰ ਥਾਹ ਇਸ ਦੀ ਪਾਵੇ।
ਜਿਵੇਂ ਜਿਵੇਂ ਇਹ ਉਧੜਦੀ ਇਕ ਚਮਕ ਦਿਖਾਵੇ।
ਪਰਦੇ ਸਾਰੇ ਪਾੜ ਕੇ ਬੰਦਾ ਰੱਬ ਬਣ ਜਾਵੇ।

**ਡਾ. ਦੇਵਿੰਦਰ ਸੈਫ਼ੀ**

## ਟਿੱਪਣੀ

ਉਪਰੋਕਤ ਪਾਠ ਵਿਚ ਜੀਵਨ ਦੀ ਕਲਾਤਮਕਤਾ ਦੀ ਪਛਾਣ ਕਰਨ ਦੇ ਢੰਗ-ਤਰੀਕਿਆਂ ਉਪਰ ਰੋਸ਼ਨੀ ਪਾਈ ਗਈ ਹੈ। ਲੇਖਕ ਨੇ ਮੁੱਖ ਧਿਆਨ ਬੱਚਿਆਂ ਅੰਦਰ ਮੌਜੂਦ ਰੁਚੀਆਂ ਨੂੰ ਉਭਾਰਨ ਉਪਰ ਕੇਂਦਰਿਤ ਕੀਤਾ ਹੈ। ਇਨ੍ਹਾਂ ਰੁਚੀਆਂ ਦਾ ਪਤਾ ਲਾਉਣ ਲਈ ਵਿਭਿੰਨ ਪ੍ਰਕਾਰ ਦੀਆਂ ਬੁੱਧੀਆਂ ਦਾ ਹਵਾਲਾ ਦਿੱਤਾ ਗਿਆ ਹੈ। ਮਨੋਵਿਗਿਆਨਕ ਪੱਧਰ ਉਪਰ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬੱਚੇ ਦੀ ਸਮਰੱਥਾ ਨੂੰ ਪਛਾਣ ਕੇ ਉਸ ਦਾ ਕਾਰਜ-ਖੇਤਰ ਨਿਰਧਾਰਿਤ ਕੀਤਾ ਜਾ ਸਕਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਊਰਜਾ ਮਨੁੱਖ ਅੰਦਰ ਕਿਹੋ ਜਿਹੀ ਭੂਮਿਕਾ ਨਿਭਾਅ ਸਕਦੀ ਹੈ ?

(ii) ਕਲਾ ਸਾਨੂੰ ਕਿਸ ਨਾਲ ਜੋੜਦੀ ਹੈ ?

(iii) ਵਾਦ-ਵਿਵਾਦ ਪ੍ਰਤੀਯੋਗੀ ਬਣਨ ਲਈ ਕਿਹੜੀ ਬੁੱਧੀ ਦੀ ਲੋੜ ਹੈ ?

(iv) ਤਾਲਮੇਲ ਬੁੱਧੀ ਤੋਂ ਕੀ ਭਾਵ ਹੈ ?

(v) ਬਹੁ-ਬੁੱਧੀ ਦੇ ਸਿਧਾਂਤ ਦਾ ਨਿਰਮਾਤਾ ਕੌਣ ਹੈ ?

(vi) ਸੰਗੀਤਕ ਬੁੱਧੀ ਵਿਅਕਤੀ ਵਿਚ ਕਿਸ ਤਰ੍ਹਾਂ ਦਾ ਨਿਖਾਰ ਲਿਆ ਸਕਦੀ ਹੈ।

(vii) ਲੇਖਕ ਨੇ ਮਨੁੱਖੀ ਊਰਜਾ ਦੀ ਕਿਸ ਨਾਲ ਤੁਲਨਾ ਕੀਤੀ ਹੈ ?

(viii) ਅੱਠ ਤਰ੍ਹਾਂ ਦੀ ਬੁੱਧੀ ਦੇ ਨਾਂ ਦੱਸੋ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਕੀ ਤੁਸੀਂ ਆਪਣੇ ਅੰਦਰਲੀ ਬੁੱਧੀ ਨੂੰ ਪਛਾਣਨ ਦਾ ਜਤਨ ਕੀਤਾ ਹੈ ? ਇਸ ਬਾਰੇ ਵਿਸਤਾਰ ਨਾਲ ਲਿਖੋ ?

(ii) ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਆਪਣੀ ਕਲਾ ਨੂੰ ਜਾਂਚੇ -ਪਰਖੇ ਬਿਨਾਂ ਹੀ ਭਟਕ ਰਿਹਾ ਹੋਵੇ। ਤੁਸੀਂ ਉਸ ਨੂੰ ਕੀ ਸੁਝਾਅ ਦਿਉਗੇ ? ਆਪਣੇ ਵਿਚਾਰ ਪ੍ਰਸਤੁਤ ਕਰੋ।

(iii) ਮਨੁੱਖ ਦੇ ਵਿਕਾਸ ਲਈ ਕਿਸ ਦੀ ਲੋੜ ਪੈਂਦੀ ਹੈ ? ਵਾਦ-ਵਿਵਾਦ (Debate) ਵਿਚ ਹਿੱਸਾ ਲੈਣ ਲਈ ਇਕ ਲੇਖ ਲਿਖੋ।

**ਅ. ਹੇਠ ਲਿਖੀਆਂ ਖਾਲੀ ਥਾਵਾਂ ਭਰੋ :**

(i) ਭਾਸ਼ਾਈ ਪਕੜ ਦਾ ਸੰਬੰਧ ... ਬੁੱਧੀ ਨਾਲ ਹੈ ?

(ii) ਸਵੈਮੁਖੀ ਬੁੱਧੀ ਵਿਚ ਆਪਣੀ ... ਹੋਂਦ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

(iii) ਗਾਡਨਰ ਨੇ ... ਤਰ੍ਹਾਂ ਦੀ ਬੁੱਧੀ ਦਾ ... ਕੀਤਾ ਹੈ।

(iv) ਫਰਾਂਸੀਸੀ ਚਿੰਤਕ ਵਿਕਟਰ ਹਿਊਗੋ ਨੇ ਕਲਾ ਸ਼ਕਤੀ ਨੂੰ ... ਦਾ ਵਾਹਕ ਮੰਨਿਆ ਹੈ।

(v) ਕਲਾਤਮਕ ਰੁਚੀਆਂ ਦੀ ਪਹਿਚਾਣ ਇਕ ... ਮਸਲਾ ਹੈ ?

**ੲ. ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸ ਕੇ ਉਨ੍ਹਾਂ ਦੇ ਵਾਕ ਬਣਾਉ :**

ਅਵਾਰਾ, ਕਲਾਤਮਕ, ਵਾਹਕ, ਵਿਕਾਸ, ਸੰਰਚਨਾ, ਯੋਗਤਾ, ਵਾਦ-ਵਿਵਾਦ, ਆਕ੍ਰਿਤੀ, ਤਾਲਮੇਲ, ਮਨੋਭਾਵ